ਭਗਤ ਸਿੰਘ ਦੀ ਕਲਮ ਤੋਂ

# ਪੰਡਿਤ ਸੋਹਨ ਲਾਲ 'ਪਾਠਕ'

ਸੰਨ 1914 ਦੀ ਗੱਲ ਹੈ। ਅਮਰੀਕਾ ਦੀ ਗ਼ਦਰ ਪਾਰਟੀ ਦੀ ਤਰਫੋਂ ਅਕਸਰ ਸਾਰੇ ਦੇਸ਼ਾਂ ਵਿਚ ਗ਼ਦਰ ਪ੍ਰਚਾਰ ਲਈ ਬੰਦੇ ਭੇਜੇ ਜਾ ਰਹੇ ਸੀ। ਇਸ ਤਰ੍ਹਾਂ ਪਾਠਕ ਜੀ ਵੀ ਇਸੇ ਪਾਰਟੀ ਵੱਲੋਂ ਬਰਮਾ ਵਿਚ ਪ੍ਰਚਾਰ ਕਾਰਜ ਕਰਨ ਲਈ ਭੇਜੇ ਗਏ। ਸੰਨ 1915 (?) ਤੇ ਸ਼ੁਰੂ ਵਿਚ ਹੀ ਆਪ ਬੈਂਕਾਕ ਆਏ ਅਤੇ ਕੁਝ ਦਿਨ ਉੱਥੇ ਗ਼ਦਰ ਦਾ ਕਾਰਜ ਕਰਨ ਪਿੱਛੋਂ ਰੰਗੂਨ ਆ ਪਹੁੰਚੇ। ਇੱਥੇ ਸੰਗਠਿਤ ਰੂਪ ਵਿਚ ਆਪਣਾ ਕੇਂਦਰ ਬਣਾ ਕੇ ਸੋਹਨ ਲਾਲ ਨੇ ਉਸ ਦਿਨ ਦੀ ਬੇਅਰਥ ਆਸ ਵਿਚ, ਜਦੋਂ ਸਾਰੇ ਭਾਰਤ ਵਿਚ ਇਕੱਠਾ ਹੀ ਇਕੋ ਵਾਰੀ ਰਣਚੰਡੀ ਦਾ ਤਾਂਡਵ-ਨਾਚ ਸ਼ੁਰੂ ਹੋ ਜਾਵੇਗਾ, ਫੌਜਾਂ ਵਿਚ ਗ਼ਦਰ ਦਾ ਪ੍ਰਚਾਰ ਜ਼ੋਰ-ਸ਼ੋਰ ਨਾਲ ਸ਼ੁਰ ਕਰ ਦਿੱਤਾ।

21 ਫਰਵਰੀ ਆਈ ਤੇ ਨਿੱਕਲ ਗਈ। ਭੇਤ ਖੁੱਲ੍ਹ ਜਾਣ ਨਾਲ ਉਸ ਦਿਨ ਗ਼ਦਰ ਨਾ ਮੱਚ ਸਕਿਆ ਅਤੇ ਚਾਰੇ ਪਾਸੇ ਗ਼ਦਰੀਆਂ ਦੀ ਫੜੋ-ਫੜੀ ਸ਼ੁਰੂ ਹੋ ਗਈ। ਪਰ ਗ਼ਦਰੀਆਂ ਦੇ ਜੀਵਨ ਵਿਚ ਇਹ ਕੋਈ ਨਵੀਂ ਗੱਲ ਨਹੀਂ ਸੀ। ਉਨ੍ਹਾਂ ਦਾ ਤਾਂ ਜੀਵਨ ਹੀ ਅਸਫ਼ਲਤਾਵਾਂ ਦਾ ਜੀਵਨ ਹੈ। ਉਹ ਤਾਂ 'ਕਰਮ ਹੀ ਪੂਜਾ ਹੈ' ਦਾ ਹੀ ਸਬਕ ਲੈ ਕ ਇਸ ਖੇਤਰ ਵਿਚ ਆਏ ਸਨ। ਇਸ ਤਰ੍ਹਾਂ ਸੋਹਨ ਲਾਲ ਐਨੇ ਤੇ ਵੀ ਨਿਰਾਸ਼ ਨਾ ਹੋਏ। ਉਨ੍ਹਾਂ ਨੇ ਨਵੇਂ ਉਤਸ਼ਾਹ ਨਾਲ ਫੇਰ ਗ਼ਦਰ ਦੀ ਯੋਜਨਾ ਸ਼ੁਰੂ ਕਰ ਦਿੱਤੀ।

ਇਕ ਦਿਨ ਅਗਸਤ, 1914 ਵਿਚ (?) ਜਦੋਂ ਕਿ ਉਹ ਮੇਮੀਉ ਦੇ ਤੋਪਖਾਨੇ ਵਿਚ ਗ਼ਦਰ ਦਾ ਪ੍ਰਚਾਰ ਕਰ ਰਹੇ ਸੀ, ਇਕ ਜਮਾਂਦਾਰ ਨੇ ਉਨ੍ਹਾਂ ਨੂੰ ਫੜ੍ਹਵਾ ਦਿੱਤਾ। ਤਿੰਨ ਪਿਸਤੌਲਾਂ ਅਤੇ 270 ਕਾਰਤੂਸ ਕੋਲ ਹੁੰਦੇ ਹੋਏ ਵੀ ਪਤਾ ਨਹੀਂ ਕਿਉਂ ਸੋਹਨ ਲਾਲ ਨੇ ਉਨ੍ਹਾਂ ਨੂੰ ਨਹੀਂ ਵਰਤਿਆ।

ਪਾਠਕ ਜੀ ਜੇਲ੍ਹ ਵਿਚ ਬੰਦ ਸਨ। ਅਫਸਰਾਂ ਦੇ ਆਉਣ ਤੇ ਹੋਰ ਕੈਦੀਆਂ ਨੇ ਤਾਂ ਝੁਕ-ਝੁਕ ਕੇ ਸਲਾਮ ਕਰਨਾ ਸ਼ੁਰੂ ਕਰ ਦਿੱਤਾ ਪਰ ਆਪ ਦੀ ਮਲੰਗੀ ਕੁਝ ਹੋਰ ਹੀ ਤਰ੍ਹਾਂ ਦਾ ਸੀ। ਬੋਲੇ—'ਜਦੋਂ ਮੈਂ ਅੰਗ੍ਰੇਜ਼ਾਂ ਨੂੰ, ਹਕੂਮਤ ਨੂੰ ਹੀ ਅਨਿਆਈ ਅਤੇ ਜ਼ਾਲਮ ਮੰਨਦਾ ਹਾਂ, ਤਾਂ ਉਨ੍ਹਾਂ ਦੀ ਜੇਲ੍ਹ ਦੇ ਨਿਯਮ ਹੀ ਕਿਉਂ ਮੰਨਾਂ।'

ਅਫ਼ਸਰਾਂ ਦੇ ਆਉਣ ਤੇ ਖੜ੍ਹਾ ਹੋਣਾ ਵੀ ਸ਼ਾਇਦ ਉਨ੍ਹਾਂ ਦੇ ਨੇਮ ਤੋਂ ਬਾਹਰ ਸੀ। ਹਾਂ, ਇਕ ਗੱਲ ਜ਼ਰੂਰ ਸੀ, ਉਹ ਕਦੀ ਕਿਸੇ ਨਾਲ ਉਜੱਡ ਵਿਹਾਰ ਨਹੀਂ ਕਰਦੇ ਸਨ। ਜੇ ਕੋਈ ਉਨ੍ਹਾਂ ਨਾਲ ਖੜ੍ਹਾ ਹੋ ਕੇ ਗੱਲ ਕਰਦਾ ਤਾਂ ਆਪ ਵੀ ਉਸ ਨਾਲ ਖੜ੍ਹਾ ਹੋ ਕੇ ਹੀ ਗੱਲ ਕਰਕੇ ਸੀ। ਇਕ ਵਾਰੀ ਬਰਮਾ ਦੇ ਲਾਰਡ ਮਹੋਦਿਆ ਜੇਲ੍ਹ ਦੇਖਣ ਆਏ। ਜੇਲਰ ਨੇ ਸੋਹਨ ਲਾਲ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਆਉਣ ਤੇ ਖੜ੍ਹਾ ਹੋ ਕੇ ਸਵਾਗਤ ਕਰ ਲੈਣਾ। ਜਦ ਆਪ ਇਸ ਤੇ ਰਾਜ਼ੀ ਨਾ ਹੋਏ ਤਾਂ ਜੇਲਰ ਨੇ ਇਕ ਹੋਰ ਚਾਲ ਚੱਲੀ। ਜਿਸ ਵੇਲੇ ਲਾੱਰਡ ਮਹੋਦਿਆ ਜੇਲ੍ਹ ਵਿਚ ਆਏ ਤਾਂ ਜੇਲਰ ਪਹਿਲਾਂ ਤੋਂ ਹੀ ਪਾਠਕ ਜੀ ਕੋਲ ਜਾ ਕੇ ਖੜ੍ਹਾ-ਖੜ੍ਹਾ ਗੱਲਾਂ ਕਰਨ ਲੱਗਾ ਅਤੇ ਲਾੱਰਡ ਦੇ ਆਉਣ ਤੇ ਉਨ੍ਹਾਂ ਨੂੰ ਫੇਰ ਤੋਂ ਖੜ੍ਹਾ ਨਾ ਹੋਣਾ ਪਿਆ। ਆਪਣੀ ਦੋ ਘੰਟੇ ਦੀ ਗੱਲਬਾਤ ਵਿਚ ਲਾੱਰਡ ਨੇ ਆਪ ਨੂੰ ਬਥੇਰਾ ਕਿਹਾ ਕਿ ਤੂੰ ਮਾਫ਼ੀ ਮੰਗ ਕੇ ਮੌਤ ਦੀ ਸਜ਼ਾ ਤੋਂ ਬਰੀ ਹੋ ਜਾਹ, ਪਰ ਆਪ ਨੇ ਇਕ ਨਾ ਮੰਨੀ।

ਅੰਤ ਵਿਚ ਫਾਂਸੀ ਦੇ ਦਿਨ ਇਕ ਅੰਗ੍ਰੇਜ਼ ਮਜਿਸਟਰੇਟ ਨੇ ਆ ਕੇ ਫੇਰ ਆਪਨੂੰ ਮਾਫੀ ਮੰਗ ਲੈਣ ਵਾਸਤੇ ਕਿਹਾ। ਮੌਤ ਮੂੰਹ ਖੋਲ੍ਹੀ ਸਾਮ੍ਹਣੇ ਖੜ੍ਹੀ ਸੀ। ਫਾਂਸੀ ਦਾ ਤਖ਼ਤਾ ਤੇ ਰੱਸੀ ਦਾ ਫੰਦਾ ਤਿਆਰ ਹੋ ਚੁੱਕਾ ਸੀ। ਅਜਿਹੇ ਵੇਲੇ ਜੇਲ੍ਹ ਦੇ ਸਾਰੇ ਮੁਲਾਜ਼ਮ ਸੋਹਨ ਲਾਲ ਦੇ ਮੂੰਹ ਵੱਲ ਦੇਖਦੇ ਹੋਏ ਜਵਾਬ ਦੀ ਇੰਤਜ਼ਾਰ ਵਿਚ ਸਨ। ਥੋੜ੍ਹੀ ਦੇਰ ਦੀ ਚੁੱਪ ਤੋਂ ਬਾਅਦ ਮੌਤ ਦੇ ਉਸ ਬਾਵਲੇ ਪੁਜਾਰੀ ਨੇ ਮੁਸਕਰਾਉਂਦੇ ਹੋਏ ਕਿਹਾ— 'ਮਾਫੀ ਮੰਗਣੀ ਹੋਵੇ ਤਾਂ ਅੰਗ੍ਰੇਜ਼ ਮੈਥੋਂ ਮਾਫੀ ਮੰਗਣ। ਮੈਂ ਕੋਈ ਗੁਨਾਹ ਨਹੀਂ ਕੀਤਾ। ਅਸਲੀ ਗੁਨਾਹਗਾਰ ਤਾਂ ਉਹੀ ਹਨ। ਹਾਂ, ਜੇ ਮੈਨੂੰ ਬਿਲਕੁਲ ਹੀ ਛੱਡਣ ਦਾ ਵਚਨ ਦਿਉ ਤਾਂ ਤੁਹਾਡੀ ਗੱਲ ਤੇ ਵਿਚਾਰ ਕੀਤਾ ਜਾ ਸਕਦਾ ਹੈ।'

ਜਵਾਬ ਮਿਲਿਆ—ਇਹ ਤਾਂ ਅਧਿਕਾਰ ਵਿਚ ਨਹੀਂ ਹੈ। 'ਤਾਂ ਫੇਰ ਹੁਣ ਦੇਰ ਕਿਸ ਗੱਲ ਦੀ ਹੈ? ਤੁਸੀਂ ਆਪਣਾ ਫਰਜ਼ ਪੂਰਾ ਕਰੋ ਅਤੇ ਮੈਨੂੰ ਆਪਣਾ ਫਰਜ਼ ਨਿਭਾਉਣ ਦਿਉ।'

ਦੇਖਦੇ ਹੀ ਦੇਖਦੇ ਤਖ਼ਤਾ ਖਿਚਿਆ ਅਤੇ ਰੱਸੀ ਦੇ ਝਟਕੇ ਦੇ ਨਾਲ ਹੀ ਇਹ ਦ੍ਰਿਸ਼ ਵੀ ਖਤਮ ਹੋ ਗਿਆ।

*ਸੁਬੋਧ*